NHS

# ਤਤਕਾਲ ਹਵਾਲਿਆਂ ਲਈ ਮਰੀਜ਼ ਜਾਣਕਾਰੀ

## ਇਹ ਜਾਣਕਾਰੀ ਸ਼ੀਟ ਦੱਸਦੀ ਹੈ ਕਿ ਤੁਹਾਡੇ ਜੀਪੀ ਨੇ ਤੁਹਾਨੂੰ ਹਸਪਤਾਲ ਕਿਉਂ ਭੇਜਿਆ ਹੈ, ਇਸਦਾ ਕੀ ਮਤਲਬ ਹੈ ਅਤੇ ਤੁਹਾਨੂੰ ਕੀ ਕਰਨ ਦੀ ਲੋੜ ਹੈ

### ਮੈਨੂੰ ਹਸਪਤਾਲ ਨੂੰ ਤੁਰੰਤ ਕਿਉਂ ਭੇਜਿਆ ਗਿਆ ਹੈ?

ਤੁਹਾਨੂੰ ਤੁਰੰਤ ਇਸਲਈ ਭੇਜਿਆ ਗਿਆ ਹੈ ਕਿਉਂਕਿ ਤੁਹਾਡੇ ਜੀਪੀ ਦਾ ਮੰਨਣਾ ਹੈ ਕਿ ਤੁਹਾਡੇ ਲੱਛਣਾਂ ਨੂੰ ਹੋਰ ਜਾਂਚ ਦੀ ਲੋੜ ਹੈ ਅਤੇ ਇਸਲਈ ਤੁਹਾਨੂੰ ਇੱਕ ਮਾਹਰ ਕੋਲ ਭੇਜਿਆ ਹੈ। ਇਹ ਪਤਾ ਲਗਾਉਣ ਲਈ ਕਿ ਤੁਹਾਡੇ ਨਾਲ ਕੀ ਠੀਕ ਨਹੀਂ ਹੈ, ਤੁਸੀਂ ਛੇਤੀ ਦੇਖੇ ਜਾਣ ਦੀ ਉਮੀਦ ਕਰ ਸਕਦੇ ਹੋ।

### ਕੀ ਇਸਦਾ ਮਤਲਬ ਇਹ ਹੈ ਕਿ ਮੈਨੂੰ ਕੈਂਸਰ ਹੈ?

ਬਹੁਤ ਸਾਰੀਆਂ ਆਮ ਅਜਿਹੀਆਂ ਸਥਿਤੀਆਂ ਹੁੰਦੀਆਂ ਹਨ ਜੋ ਇਨ੍ਹਾਂ ਲੱਛਣਾਂ ਦੇ ਨਾਲ ਸੰਬੰਧਤ ਹੋ ਸਕਦੀਆਂ ਹਨ, ਕੈਂਸਰ ਦੀ ਸੰਭਾਵਨਾ ਸਮੇਤ। ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਤੁਰੰਤ ਭੇਜੇ ਜਾਣ ਦਾ ਹਵਾਲਾ ਦਿੱਤਾ ਜਾਂਦਾ ਹੈ, ਉਨਾਂ ਨੂੰ ਕੈਂਸਰ ਨਹੀਂ ਹੁੰਦਾ।

ਜੇਕਰ ਕੈਂਸਰ ਦੀ ਰੋਗ-ਪਛਾਣ ਕੀਤੀ ਜਾਂਦੀ ਹੈ, ਤਾਂ ਇਹ ਯਕੀਨੀ ਬਣਾਉਣ ਲਈ ਕਿ ਰੋਗ-ਪਛਾਣ ਛੇਤੀ ਕੀਤੀ ਜਾਵੇ ਤਾਂ ਜੋ ਇਲਾਜ ਦੀ ਵਧੇਰੇ ਪ੍ਰਭਾਵੀ ਹੋਣ ਦੀ ਸੰਭਾਵਨਾ ਹੋਏ ਅਤੇ ਇਸ ਕਰਕੇ ਬਹੁਤ ਮਹੱਤਵਪੂਰਨ ਹੁੰਦਾ ਹੈ ਕਿ ਤੁਹਾਨੂੰ ਤੁਰੰਤ ਦੇਖਿਆ ਜਾਏ।

ਕਿਉਂਕਿ ਇਹ ਹਵਾਲਾ ਤੁਰੰਤ ਕੀਤਾ ਜਾਣਾ ਜ਼ਰੂਰੀ ਹੈ, ਇਸਦਾ ਮਤਲਬ ਹੈ ਕਿ ਤੁਹਾਨੂੰ ਦੋ ਹਫ਼ਤਿਆਂ ਦੇ ਅੰਦਰ ਹਸਪਤਾਲ ਵਿਖੇ ਮੁਲਾਕਾਤ ਕਰਨ ਦੀ ਪੇਸ਼ਕਸ਼ ਕੀਤੀ ਜਾਏਗੀ, ਪਰ ਇਹ ਇੱਕ ਹਫ਼ਤੇ ਦੇ ਅੰਦਰ ਵੀ ਹੋ ਸਕਦੀ ਹੈ। ਤੁਹਾਨੂੰ, ਤੁਰੰਤ ਰੋਗ-ਪਛਾਣ ਪ੍ਰਾਪਤ ਕਰਨ ਲਈ, ਅਗਲੇ ਚਾਰ ਹਫ਼ਤਿਆਂ ਦੌਰਾਨ ਅਗੇਰੇ ਟੈਸਟ ਕਰਵਾਉਣ ਲਈ ਉਪਲਬਧ ਰਹਿਣ ਦੀ ਲੋੜ ਹੋ ਸਕਦੀ ਹੈ।

### ਤੁਹਾਡੇ ਜੀਪੀ ਨੂੰ ਕੀ ਜਾਣਨ ਦੀ ਲੋੜ ਹੈ?

- ਇਹ ਯਕੀਨੀ ਬਣਾਓ ਕਿ ਤੁਹਾਡੇ ਜੀਪੀ ਕੋਲ ਤੁਹਾਡਾ ਸਹੀ ਪਤਾ ਅਤੇ ਟੈਲੀਫੋਨ ਨੰਬਰ ਹੈ, ਜੇ ਤੁਹਾਡਾ ਕੋਈ ਮੋਬਾਈਲ ਹੈ ਤਾਂ ਮੋਬਾਇਲ ਨੰਬਰ ਸਮੇਤ ਕਿਉਂਕਿ ਹਸਪਤਾਲ ਦੁਆਰਾ ਤੁਹਾਨੂੰ ਟੈਲੀਫੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ
- ਜੇ ਤੁਸੀਂ ਅਗਲੇ ਦੋ ਹਫ਼ਤਿਆਂ ਦੇ ਅੰਦਰ ਤੈਅਸ਼ੁਦਾ ਮੁਲਾਕਾਤ ਤੇ ਹਾਜ਼ਰ ਨਹੀਂ ਹੋ ਸਕਦੇ, ਤਾਂ ਕਿਰਪਾ ਕਰਕੇ ਆਪਣੇ ਜੀਪੀ ਨੂੰ ਦੱਸ ਦਿਓ।
- ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਜੀਪੀ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਇਸਦੀ ਵਿਵਸਥਾ ਕਰਣਗੇ

- ਜੇ ਤੁਹਾਨੂੰ ਦੋ ਹਫ਼ਤਿਆਂ ਦੇ ਅੰਦਰ ਹਸਪਤਾਲ ਵੱਲੋਂ ਕੋਈ ਤੈਅ ਮੁਲਾਕਾਤ ਨਹੀਂ ਮਿਲਦੀ ਹੈ, ਤਾਂ ਕਿਰਪਾ ਕਰਕੇ ਆਪਣੀ ਜੀਪੀ ਪ੍ਰੈਕਟਿਸ ਨੂੰ ਸੰਪਰਕ ਕਰੋ

**ਅੱਗੇ ਕੀ ਹੋਏਗਾ?**

ਤੁਹਾਡੀ ਜੀਪੀ ਪ੍ਰੈਕਟਿਸ ਤੁਹਾਡੇ ਲਈ ਮੁਲਾਕਾਤ ਤੈਅ ਕਰੇਗੀ। ਜੇ ਤੁਹਾਡਾ ਜੀਪੀ ਤੁਹਾਡੇ ਲਈ ਇਹ ਬੁੱਕ ਨਹੀਂ ਕਰ ਸਕਦਾ, ਤਾਂ ਹਸਪਤਾਲ ਇਸਦੀ ਵਿਵਸਥਾ ਕਰਨ ਲਈ ਤੁਹਾਨੂੰ ਸੰਪਰਕ ਕਰੇਗਾ।
ਹਸਪਤਾਲ ਮੁਲਾਕਾਤ ਤੈਅ ਕਰਨ ਦੇ ਸਬੰਧ ਵਿੱਚ ਤੁਹਾਨੂੰ ਇਸ ਤੋਂ ਇਲਾਵਾ ਕੋਈ ਹੋਰ ਜਾਣਕਾਰੀ ਵੀ ਭੇਜ ਸਕਦਾ ਹੈ, ਜਿਸ ਵਿੱਚ ਅਜਿਹੇ ਕਈ ਟੈਸਟ ਸ਼ਾਮਲ ਹਨ ਜਿਨ੍ਹਾਂ ਦੀ ਤੁਹਾਨੂੰ ਮੁਲਾਕਾਤ ਵਾਲੇ ਦਿਨ ਕਰਵਾਏ ਜਾਣ ਦੀ ਸੰਭਾਵਨਾ ਹੋ ਸਕਦੀ ਹੈ।

ਇੱਕ ਵਾਰ ਤੁਹਾਡੇ ਦੁਆਰਾ ਤੁਹਾਡੀ ਤਾਰੀਖ ਤੇ ਸਹਿਮਤ ਜਤਾਏ ਜਾਣ ਤੇ, ਤੁਹਾਡੇ ਦੁਆਰਾ ਮੁਲਾਕਾਤ ਤੇ ਆਉਣਾ ਬਹੁਤ ਜ਼ਰੂਰੀ ਹੁੰਦਾ ਹੈ। ਜੇ ਤੁਸੀਂ ਆਪਣੀ ਤੈਅਸ਼ੁਦਾ ਮੁਲਾਕਾਤ ਤੇ ਨਹੀਂ ਆ ਸਕਦੇ, ਤਾਂ ਤੁਰੰਤ ਇਸ ਬਾਰੇ ਹਸਪਤਾਲ ਨੂੰ ਸੂਚਿਤ ਕਰਨ ਲਈ ਕਿਰਪਾ ਕਰਕੇ ਤੁਹਾਡੇ ਪੁਸ਼ਟੀਕਰਨ ਪੱਤਰ ਤੇ ਦਿੱਤੇ ਨੰਬਰ ਤੇ ਕਾਲ ਕਰੋ।

**ਹਸਪਤਾਲ ਵਿਖੇ ਕੀ ਹੋਏਗਾ?**

ਜਦੋਂ ਤੁਹਾਡੀ ਹਸਪਤਾਲ ਵਿੱਚ ਮੁਲਾਕਾਤ ਹੁੰਦੀ ਹੈ, ਤਾਂ ਤੁਸੀਂ ਆਮ ਤੌਰ ਤੇ ਇੱਕ ਮਾਹਰ ਨੂੰ ਦਿਖਾਓਗੇ ਜਾਂ ਰੋਗ-ਪਛਾਣ ਦਾ ਟੈਸਟ ਕਰਵਾਓਗੇ। ਤੁਹਾਨੂੰ ਪਹਿਲਾਂ ਤੋਂ ਹੀ ਦੱਸ ਦਿੱਤਾ ਜਾਏਗਾ ਜੇ ਤੁਹਾਡੀ ਤੈਅਸ਼ੁਦਾ ਮੁਲਾਕਾਤ ਤੇ ਤੁਹਾਡੇ ਕੋਈ ਟੈਸਟ ਕੀਤੇ ਜਾਣ ਦੀ ਲੋੜ ਹੁੰਦੀ ਹੈ, ਇਸਲਈ ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਪਹਿਲਾਂ ਤੋਂ ਹੀ ਤੁਹਾਨੂੰ ਦਿੱਤੇ ਗਏ ਕਿਸੇ ਵੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋ।
ਤੁਸੀਂ ਬੜੀ ਖੁਸ਼ੀ ਨਾਲ ਆਪਣੇ ਨਾਲ ਕਿਸੇ ਦੋਸਤ ਜਾਂ ਪਰਿਵਾਰ ਨੂੰ ਲਿਆ ਸਕਦੇ ਹੋ, ਕਿਉਂਕਿ ਇਹ ਉਸ ਸਥਿਤੀ ਵਿੱਚ ਮਦਦਗਾਰ ਹੁੰਦਾ ਹੈ ਜਦੋਂ ਤੁਹਾਨੂੰ ਉਸ ਗੱਲਬਾਤ ਨੂੰ ਸਮਝਣ ਸਬੰਧੀ ਚਿੰਤਾਵਾਂ ਹੁੰਦੀਆਂ ਹਨ ਜਿਸਦੀ ਚਰਚਾ ਮੈਡੀਕਲ ਟੀਮ ਤੁਹਾਡੇ ਨਾਲ ਕਰੇਗੀ।

**ਕੋਈ ਸਵਾਲ ਹਨ?**

ਜੇ ਤੁਹਾਨੂੰ ਹਸਪਤਾਲ ਭੇਜਣ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਜਾਂ ਸਵਾਲ ਹਨ, ਤਾਂ ਕਿਰਪਾ ਕਰਕੇ ਉਸ ਜੀਪੀ ਸਰਜਰੀ ਨੂੰ ਕਾਲ ਕਰੋ, ਉਸ ਵਿਅਕਤੀ ਨਾਲ ਗੱਲ ਕਰਨ ਲਈ ਜਿਸਨੇ ਤੁਹਾਨੂੰ ਭੇਜਿਆ ਹੈ।

**ਵਧੇਰੇ ਜਾਣਕਾਰੀ ਲਈ ਲਾਭਕਾਰੀ ਲਿੰਕ**

https://www.cancerresearchuk.org/
https://www.macmillan.org.uk/information-and-support